147140/2020/DISPATCH-ESTABLISHMENT-PSEB

File No.PSEB-EST0S009(T002)/4/2020-EA 05-ESTABLISHMENT-PSEB

# ਪੰਜਾਬ ਸਕੂਲ ਸਿੱਖਿਆ ਬੋਰਡ

## ਨੋਟੀਫਿਕੇਸ਼ਨ

ਨੋਟੀ. ਨੰ. (23722)347-ਪਸਸਬ-5ਅਸ-ਕੋ.ਸੈੱਲ-2020/3073 ਮਿਤੀ: ਸਾਹਿਬਜਾਦਾ ਅਜੀਤ ਸਿੰਘ ਨਗਰ 24.12.2020

ਬੋਰਡ ਦੀ ਇਕੱਤਰਤਾ ਮਿਤੀ 17.11.2016 ਮੱਦ ਨੰ. 8(1) ਰਾਹੀਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਸਰਕਾਰ, ਵਿੱਤ ਵਿਭਾਗ, ਵਿੱਤ ਪ੍ਰਸੋਨਲ-2 ਸ਼ਾਖਾ ਵੱਲੋਂ ਜਾਰੀ ਪੱਤਰ ਨੰ. 23/6/2016-4ਐਫ.ਪੀ.2/01 ਮਿਤੀ 01.01.2018 ਬੋਰਡ ਦਫਤਰ ਵਿੱਚ ਅਡਾਪਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਮਿਤੀ: 24.12.2020
ਸਾਹਿਬਜਾਦਾ ਅਜੀਤ ਸਿੰਘ ਨਗਰ

ਚੇਅਰਮੈਨ
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ. ਪਸਸਬ-5ਅਸ-ਕੋ.ਸੈੱਲ-2020/3074 ਮਿਤੀ: ਸਾਹਿਬਜਾਦਾ ਅਜੀਤ ਸਿੰਘ ਨਗਰ 24.12.2020

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿ.ਸ/ ਚੇਅਰਮੈਨ, ਨਿ.ਸ/ ਵਾਈਸ ਚੇਅਰਮੈਨ, ਨਿ.ਸ/ ਸਕੱਤਰ ਨੂੰ ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2. ਸੰਯੁਕਤ ਸਕੱਤਰ (ਜ)/ ਕੰਟਰੋਲਰ, ਪ੍ਰੀਖਿਆਵਾਂ;
3. ਸੀਨੀਅਰ ਆਡੀਟਰ (ਆਡਿਟ ਵਿੰਗ);
4. ਸਹਾਇਕ ਸਕੱਤਰ (ਅਮਲਾ-1 ਅਤੇ 2, ਲੇਖਾ);
5. ਸੁਪਰਡੰਟ (ਸੈਲਰੀ, ਸਰਵਿਸ ਬੁੱਕ, ਪੈਨਸ਼ਨ);
6. ਸੁਪਰਡੰਟ (ਅਮਲਾ-1, 2 ਅਤੇ 3);
7. ਅਮਲਾ ਸਹਾਇਕ-1, 2, 3, 4, 6, 7, 9, 10, 11, 12, 13 ਅਤੇ 15;
8. ਰਿਕਾਰਡਰ,ਅਮਲਾ;

ਪੰਜਾਬ ਸਕੂਲ ਸਿੱਖਿਆ ਬੋਰਡ।

ਸੁਪਰਡੰਟ (ਅਮਲਾ-2)
ਵਾ: ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ।

23/6/2016-1ਐਫ.ਪੀ.2/01

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ, ਚੰਡੀਗੜ੍ਹ 1/1/2018

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲਾ ਅਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਵਿਚ।

ਵਿਸ਼ਾ - Assured Career Progression (ACP) ਸਕੀਮ ਅਨੁਸਾਰ 4, 9 ਅਤੇ 14 ਸਾਲਾਂ ਬਾਦ ਲਾਭ ਦੇਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੰ: 7/60/2006-5PP1/15963 ਮਿਤੀ 3.11.2006 ਅਨੁਸਾਰ ਕਰਮਚਾਰੀਆਂ ਨੂੰ 4, 9 ਅਤੇ 14 ਸਾਲਾਂ ਬਾਦ ਲਾਭ ਮਿਲਣਯੋਗ ਹੈ। ਸਰਕਾਰ ਵਲੋਂ ਸਾਲ 2011 ਵਿਚ ਕਈ ਕੈਟਾਗਰੀਆਂ ਦੇ ਤਨਖਾਹ ਸਕੇਲ/ਗ੍ਰੇਡ ਪੇ ਮੁੜ ਰੀਵਾਈਜ ਕਰਨ ਉਪਰੰਤ ਏ.ਸੀ.ਪੀ. ਦਾ ਲਾਭ ਦੇਣ ਨਾਲ ਕੁਝ ਕੇਸਾਂ ਵਿਚ ਪੇ ਅਨਾਮਲੀਆ ਪੈਦਾ ਹੋ ਗਈਆਂ। ਏ.ਸੀ.ਪੀ. ਸਕੀਮ ਅਧੀਨ ਕਰਮਚਾਰੀਆਂ/ਅਧਿਕਾਰੀਆਂ ਨੂੰ ਲੋੜੀਂਦਾ ਲਾਭ ਦੇਣ ਲਈ ਵੱਖ ਵੱਖ ਵਿਭਾਗਾਂ ਨੂੰ ਆ ਰਹੀਆਂ ਪ੍ਰਸ਼ਾਸਕੀ ਮੁਸ਼ਕਲਾਂ, ਕਨੂੰਨੀ ਉਲਝਣਾਂ ਤੇ ਮਾਮਲੇ ਨਾਲ ਜੁੜੇ ਹਰ ਪੱਖ ਨੂੰ ਸਾਹਮਣੇ ਰੱਖ ਕੇ ਲੋੜੀਂਦੀ ਤਜਵੀਜ ਪੇਸ਼ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਵਲੋਂ ਵੱਖ-ਵੱਖ ਜਥੇਬੰਦੀਆਂ ਦੇ ਇਸ ਸਬੰਧੀ ਵਿਚਾਰ ਸੁਣਨ ਅਤੇ ਵਿਚਾਰਨ ਉਪਰੰਤ ਰਿਪੋਰਟ ਪੇਸ਼ ਕੀਤੀ ਗਈ। ਕਿਉਂਕਿ ਹੁਣ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦਾ ਗਠਨ ਹੋ ਚੁਕਾ ਹੈ ਅਤੇ ਏ.ਸੀ.ਪੀ. ਸਕੀਮ ਉਨ੍ਹਾ ਵਲੋਂ ਕੀਤੀਆਂ ਸਿਫਾਰਸ਼ਾਂ ਦੇ ਅਨੁਸਾਰ ਹੀ ਲਾਗੂ ਕੀਤੀ ਗਈ ਸੀ, ਇਸ ਲਈ ਸਰਕਾਰ ਵਲੋਂ ਉਪਰੋਕਤ ਕਮੇਟੀ ਦੀ ਰਿਪੋਰਟ ਨੂੰ ਛੇਵੇਂ ਤਨਖਾਹ ਕਮਿਸ਼ਨ ਵਲੋਂ ਵਿਚਾਰਨ ਅਤੇ ਲੋੜੀਂਦੀ ਸਿਫਾਰਸ਼ ਕਰਨ ਹਿਤ ਉਨ੍ਹਾਂ ਨੂੰ ਭੇਜ ਦਿੱਤੀ ਗਈ ਹੈ।

2 ਇਸ ਲਈ ਛੇਵੇਂ ਤਨਖਾਹ ਕਮਿਸ਼ਨ ਵਲੋਂ ਇਸ ਸਬੰਧੀ ਰਿਪੋਰਟ ਪੇਸ਼ ਕੀਤੇ ਜਾਣ ਤੱਕ ਏ.ਸੀ.ਪੀ. ਸਕੀਮ ਦੀਆਂ ਹਦਾਇਤਾਂ ਮਿਤੀ 3.11.2006 ਅਨੁਸਾਰ 4, 9 ਅਤੇ 14 ਸਾਲਾਂ ਦੀ ਸੇਵਾ ਉਪਰੰਤ ਹਾਲ ਦੀ ਘੜੀ ਕੇਵਲ ਇੱਕ ਇੰਨਕਰੀਮੈਂਟ ਦਾ ਲਾਭ ਹੀ ਦਿੱਤਾ ਜਾਵੇ ਅਤੇ ਅਗਲਾ ਉਚੇਰਾ ਸਕੇਲ/ਗ੍ਰੇਡ ਪੇ ਨਾ ਦਿੱਤਾ ਜਾਵੇ।

3. ਜਿਹੜੇ ਕੇਸਾਂ ਵਿਚ ਹਦਾਇਤਾਂ ਮਿਤੀ 3.11.2006 ਅਨੁਸਾਰ ਏ.ਸੀ.ਪੀ. ਦਾ ਲਾਭ ਪਹਿਲਾਂ ਹੀ ਦਿੱਤਾ ਜਾ ਚੁਕਾ ਹੈ, ਉਨ੍ਹਾਂ ਤੋਂ ਕਿਸੇ ਪ੍ਰਕਾਰ ਦੀ ਰਿਕਵਰੀ ਨਹੀਂ ਕੀਤੀ ਜਾਵੇਗੀ ਅਤੇ ਉਨ੍ਹਾ ਵਲੋਂ ਬਣਦੀ ਤਨਖਾਹ ਤੋ ਵੱਧ ਲਈ ਜਾ ਰਹੀ ਤਨਖਾਹ ਨੂੰ ਉਨ੍ਹਾਂ ਦੀ Personal Pay ਮੰਨਦੇ ਹੋਏ ਭਵਿੱਖੀ ਤਰੱਕੀਆਂ ਵਿਚ Adjust ਕੀਤਾ ਜਾਵੇਗਾ।

4 ਇਹ ਹਦਾਇਤਾਂ ਮਿਤੀ 1.12.2011 ਤੋਂ ਲਾਗੂ ਹੋਣਗੀਆਂ।

ਵਿਸ਼ਵਾਸਪਾਤਰ

(ਸੰਗੀਤਾ)

ਅਧੀਨ ਸਕੱਤਰ, ਵਿੱਤ

Scanned by CamScanner

Scanned with CamScanner